National Research Journal of Social Sciences
Volume-11, Issue-1, January-June 2026
PP: 274-277

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੇ ਵਿਚਾਰਧਾਰਾ

**ਹਰਿੰਦਰ ਕੌਰ**

ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ, ਸ੍ਰੀ ਗੁਰੂ ਹਰਿ ਰਾਇ ਸਾਹਿਬ ਕਾਲਜ ਫ਼ਾਰ ਵਿਮੈੱਨ, ਚੱਬੇਵਾਲ

**ਸਾਰ**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਆਤਮਿਕ ਸ਼ਾਂਤੀ, ਨਿਰਭੀਕਤਾ ਅਤੇ ਵਿਸ਼ਵ ਮਾਨਵਤਾ ਦਾ ਅਮੋਲ ਖਜ਼ਾਨਾ ਹੈ। ਉਨ੍ਹਾਂ ਦੀ ਵਿਚਾਰਧਾਰਾ ਮਨੁੱਖ ਨੂੰ ਅੰਦਰੂਨੀ ਆਜ਼ਾਦੀ ਅਤੇ ਸੱਚ ਦੀ ਰਾਹ 'ਤੇ ਤੁਰਨ ਲਈ ਪ੍ਰੇਰਿਤ ਕਰਦੀ ਹੈ। ਗੁਰੂ ਜੀ ਨੇ ਭੋਗਵਾਦੀ ਜੀਵਨ ਦੀ ਥਾਂ ਤਿਆਗ, ਸਮਤਾ ਅਤੇ ਸਹਿਨਸ਼ੀਲਤਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੀ ਬਾਣੀ ਵਿੱਚ ਜੀਵਨ ਦੀ ਅਸਥਿਰਤਾ, ਮਾਇਆ ਤੋਂ ਵਿਮੁਕਤੀ, ਨਾਮ-ਸਿਮਰਨ ਦੀ ਮਹੱਤਤਾ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦਾ ਮਜ਼ਬੂਤ ਸੰਦੇਸ਼ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਨ੍ਹਾਂ ਦੀ ਵਿਚਾਰਧਾਰਾ ਦਾ ਪ੍ਰਤੀਕ ਹੈ। ਸੱਚ ਲਈ ਡਟ ਜਾਣਾ, ਧਰਮ ਅਤੇ ਆਜ਼ਾਦੀ ਦੀ ਰੱਖਿਆ ਕਰਨਾ। ਉਨ੍ਹਾਂ ਦੀ ਬਾਣੀ ਅੱਜ ਦੇ ਸਮੇਂ ਵਿੱਚ ਵੀ ਮਨੁੱਖਤਾ ਨੂੰ ਨੈਤਿਕ, ਆਤਮਿਕ ਅਤੇ ਸਮਾਜਿਕ ਦਿਸ਼ਾ ਪ੍ਰਦਾਨ ਕਰਦੀ ਹੈ।

**ਮੁੱਖ ਸਬਦ**-ਗੁਰੂ ਤੇਗ ਬਹਾਦਰ ਜੀ ਦਾ ਜੀਵਨ, ਬਾਣੀ ਬਿਉਰਾ,ਬਾਣੀ ਵਿੱਚ ਨਾਸਵਾਨਤਾ ਦਾ ਸੰਕਲਪ,ਮਾਇਆ ਦਾ ਸੰਕਲਪ,ਮਨ ਦੀ ਚੰਚਲਤਾ,ਵੈਰਾਗ ਤੇ ਤਿਆਗ।

ਗੁਰੂ ਤੇਗ ਬਹਾਦਰ ਜੀ ਦੀ ਵਿਚਾਰ ਧਾਰਾ ਉੱਚੀ- ਸੁੱਚੀ ਗਹਿਰੀ ਤੇ ਵਿਸ਼ਾਲ ਸੀ।ਉਹਨਾਂ ਦੀ ਸਮੁੱਚੀ ਜੀਵਨ ਸ਼ੈਲੀ ਵਿਚ ਮਨੁੱਖਤਾ ਧਰਮ ਸਚਾਈ ਅਤੇ ਆਤਮਿਕ ਸ਼ਾਂਤੀ ਸਬਰ ਸੰਤੋਖ ਦਾ ਸੰਦੇਸ਼ ਮਿਲਦਾ ਹੈ।ਗੁਰੂ ਤੇਗ ਬਹਾਦੁਰ ਜੀ ਇਤਿਹਾਸ ਵਿਚਲੀਆਂ ਬੇ-ਮਿਸਾਲ ਅਤੇ ਅਡੋਲ ਸ਼ਖਸ਼ੀਅਤਾਂ ਵਿਚੋਂ ਇਕ ਹਨ।ਆਪਣੇ ਧਰਮ ਲਈ ਜਾਨ ਕੁਰਬਾਨ ਕਰਨਾ ਇੱਕਲ ਆਮ ਘਟਨਾ ਗਿਣੀ ਜਾ ਸਕਾਦੀ ਹੈ ਪਰ ਕਿਸੇ ਹੋਰ ਧਰਮ ਲਈ ਆਪਣੀ ਜਾਨ ਕੁਰਬਾਨ ਵਾਲੀ ਇਕੋ ਇਕ ਘਟਨਾ ਇਸ ਸੰਸਾਰ ਵਿਚ ਮਿਸਾਲ ਹੈ।

**ਜੀਵਨ:**

ਗੁਰੂ ਤੇਗ ਬਹਾਦਰ ਜੀ ਤਲਵਾਰ ਚਲਾਉਣ ਵਿਚ ਮੁਹਾਰਤ ਹਾਸਲ ਕਰ ਲੈਣ ਕਾਰਨ ਆਪਜੀ ਦਾ ਨਾਮ ਤੇਗ ਬਹਾਦਰ ਰੱਖਿਆ ਗਿਆ।ਬਚਪਨ ਵਿਚ ਆਪਜੀ ਦਾ ਨਾਮ ਤਿਆਗ ਮੱਲ ਸੀ।14 ਮੱਘਰ 1678 ਬਿਕ੍ਰਮੀ ਨੂੰ ਗੁਰੂ ਕੇ ਮਹਲ ਅੰਮ੍ਰਿਤਸਰ ਵਿਖੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ ਵਿਖੇ ਹੋਇਆ। ਗੁਰੂ ਜੀ ਨੇ ਆਪਣੇ ਪਿਤਾ ਤੋਂ ਤਲਵਾਰਬਾਜੀ ਦੀ ਵਿੱਦਿਆ ਲਈ ਅਤੇ ਕਈ ਲੜਾਈਆਂ ਵਿਚ ਹਿੱਸਾ ਲਿਆ।ਆਪ ਦਾ ਵਿਆਹ ਭਾਈ ਲਾਲ ਚੰਦ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ।ਬਾਬਾ ਬਕਾਲਾ ਘਟਨਾ ਇਕ ਸਿੱਖ ਇਤਿਹਾਸ ਵਿਚ ਇਕ ਅਜਿਹੀ ਅਨੋਖੀ ਘਟਨਾ ਹੈ ਜੋ ਗੁਰੂ ਤੇਗ ਬਹਾਦਰ ਜੀਦੇ ਜੀਵਨ ਨਾਲ ਅਤੇ ਸਿੱਖ ਧਰਮ ਦੇ ਗੱਦੀ ਨਸ਼ੀਨ ਨਾਲ ਜੁੜੀ ਹੋਈ ਹੈ।ਗੁਰੂ ਹਰਕ੍ਰਿਸ਼ਨ ਜੀ ਨੇ ਨੌਵੇਂ ਗੁਰੂ ਬਾਰੇ ਦੱਸਣ ਲਈ ਅੰਤਿਮ ਸ਼ਬਦ ਬਾਬਾ ਬਕਾਲਾ ਕਿਹਾ ਸੀ।ਲਗਭਗ 20 ਸਾਲ ਗੁਰੂ ਤੇਗ ਬਹਾਦਰ ਜੀ ਨੇ ਇੱਥੇ ਗੁਜਾਰੇ।ਮੱਖਣ ਸ਼ਾਹ ਲੁਬਾਣਾ ਨੇ ਅਨੋਖੇ ਢੰਗ ਨਾਲ ਗੁਰੂ ਤੇਗ ਬਹਾਦਰ ਜੀ ਦੀ ਪਛਾਣ ਕੀਤੀ।ਅਤੇ ਸਿੱਖ ਧਰਮ ਨੂੰ ਗੁਰੂ ਲਾਧੋ ਰੇ, ਗੁਰੂ ਲਾਧੋ ਰੇ ਸ਼ਬਦਾਂ ਰਾਹੀਂ ਨੌਵੇਂ ਗੁਰੂ ਬਾਰੇ ਦੱਸਿਆ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਂਤੀ ਤਿਆਗ ਅਤੇ ਨਿਰਭੈਅਤਾ ਦਾ ਸੰਦੇਸ਼ ਫੈਲਾਉਂਦੀ ਹੈ।ਸਿੱਖ ਧਰਮ ਵਿਚ ਨੌਵੇ ਗੁਰੂ ਜੀ ਨੂੰ ਹਿੰਦ ਦੀ ਚਾਦਰ ਵਜੋਂ ਜਾਣਿਆ ਜਾਂਦਾ ਹੈ।ਉਹਨਾਂ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਅਤੇ ਮੁਨੱਖਤਾ ਲਈ ਅਨਮੋਲ ਖਜਾਨਾ ਹੈ।ਉਨ੍ਹਾ ਨੇ 15 ਰਾਗਾਂ ਵਿਚ 59 ਸ਼ਬਦ ਅਤੇ 57 ਸਲੋਕ ਰਚੇ।ਜੋ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਾਲੀ ਬੀੜ੍ਹ ਵਿਚ ਦਰਜ ਕਰਾਏ।15 ਰਾਗਾਂ ਵਿਚੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ ਤਰਤੀਬ ਵਿਚ ਰਾਗ ਜੈਜਾਵੰਤੀ ਰਾਗ ਅਖੀਰਲਾ ਰਾਗ ਹੈ।ਇਸ ਰਾਗ ਦੀ ਵਰਤੋਂ ਸਿਰਫ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਕੀਤੀ।ਜੈਜਾਵੰਤੀ ਰਾਗ ਵਿਜੈ, ਜੈਕਾਰ ਅਤੇ ਚੜ੍ਹਦੀ ਕਲਾ ਵਾਲਾ ਰਾਗ ਮੰਨਿਆ ਗਿਆ ਹੈ।ਰਾਗ ਜੈਜਾਵੰਤੀ ਇਕ ਮਧੁਰ ਅਤੇ ਆਕਰਸ਼ਿਤ ਰਾਗ ਹੈ।ਇਹ ਗੰਭੀਰ ਅਤੇ ਕਰੁਨਾਮਈ ਪ੍ਰਵਿਰਤੀ ਦਾ ਰਾਗ ਹੈ।ਜੈਜਾਵੰਤੀ ਰਾਗ ਵਿਚ ਗੁਰੂ ਸਾਹਿਬ ਨੇ ਚਾਰ ਸ਼ਬਦ ਲਿਖੇ ਹਨ।ਇਹਨਾ ਸ਼ਬਦਾ ਵਿਚ ਗੁਰੂ ਜੀ ਨੇ ਜੀਵ ਨੂੰ ਮਾਇਆ ਦਾ ਰਸ ਤਿਆਗ ਕੇ ਪ੍ਰਭੂ ਭਗਤੀ ਵਿਚ ਲੀਨ ਹੋਣ ਦੀ ਪ੍ਰੇਰਨਾ ਦਿੱਤੀ ਹੈ।

ਰਾਮ ਸਿਮਰਿ ਰਾਮ ਸਿਮਰਿ ਇਹੈ ਤੇਰੈ ਕਾਜਿ ਹੈ॥

ਮਾਇਆ ਕੋ ਸੰਗੁ ਤਿਆਗ ਪ੍ਰਭ ਜੀ ਜੇ ਸਰਨਿ ਲਾਗ॥

ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥[1]

ਗੁਰਮਤਿ ਕਾਲ ਵਿਚਲੀ ਵਿਚਾਰਧਾਰਾ ਬਾਰੇ ਡੂੰਘਾਈ ਨਾਲ ਦੇਖਿਆ ਜਾਵੇ ਤਾਂ ਇਸ ਵਿਚਾਰਧਾਰਾ ਨੇ ਨਾ ਕੇਵਲ ਪੰਜਾਬ ਜਾਂ ਭਾਰਤ ਸਗੋਂ ਸਾਰੇ ਸੰਸਾਰ ਵਿਚ ਇਕ ਪਰਿਵਰਤਨ ਲਿਆਂਦਾ ਹੈ।ਜਿੱਥੇ ਗੁਰੂ ਨਾਨਕ ਦੇਵ ਜੀ ਵਿਚਾਰਧਾਰਾ ਨਾਲ ਮੱਧ ਕਾਲੀ ਸੋਚ ਵਿਚ ਮਹਾਨ ਤਬਦੀਲੀ ਲਿਆਂਦੀ ਉੱਥੇ ਬਾਕੀ ਸਭ ਬਾਣੀਕਾਰਾਂ ਨੇ ਵੀ ਉਹਨਾਂ ਦੀ ਵਿਚਾਰਧਾਰਾ ਨੂੰ ਅਪਣਾ ਕੇ ਸੰਸਾਰ ਨੂੰ ਅਸਲ ਮਾਰਗ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਦਿਖਾਇਆ।ਗੁਰੁ ਤੇਗ ਬਹਾਦਰ ਜੀ ਨੇ ਗੁਰੂ ਨਾਨਕ ਦੇਵ ਜੀ ਵਾਂਗ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਲੰਮੀਆਂ ਯਾਤਰਾਵਾਂ ਕੀਤੀਆਂ ।ਮਾਝਾ ਮਾਲਵਾ, ਦੋਆਬਾ ਤੇ ਬਾਂਗਰ ਤੋਂ ਇਲਾਵਾ ਕੁਰੂਕੁਸ਼ੇਤਰ, ਬਨਾਰਸ ਤੇ ਗਯਾ ਤੋਂ ਹੁੰਦੇ ਹੋਏ ਬਿਹਾਰ ਵਿਚ ਪਟਨਾ ਵਿਖੇ ਆਪਣੇ ਪਰਿਵਾਰ ਨੂੰ ਛੱਡ ਕੇ ਆਪ ਢਾਕਾ ਬੰਗਾਲ ਅਸਾਮ ਵੱਲ ਯਾਤਰਾ ਕਰ ਕੇ ਵਹਿਮ ਭਰਮਾਂ ਵਿਚ ਫਸੀ ਤੇ ਕੁਰਾਹੇ ਪਈ ਲੋਕਾਈ ਨੂੰ ਸੱਚ ਦੇ ਮਾਰਗ ਤੇ ਚੱਲਣ, ਧਰਮ ਦੀ ਕਿਰਤ ਕਰਨ ਅਤੇ ਵੰਡ ਕੇ ਛਕਣ ਦੇ ਸਿੱਖੀ ਸਿਧਾਂਤ ਵਾਰੇ ਸੁਨੇਹਾ ਦਿੱਤਾ।

ਸੰਸਾਰ ਦੇ ਸਾਰੇ ਧਰਮਾਂ ਦੀਆਂ ਰਚਨਾਵਾਂ ਅਤੇ ਸਿੱਖਿਆਵਾਂ ਵਿਚ ਜੀਵ ਦੀ ਨਾਸ਼ਵਾਨਤਾ ਦਾ ਉਲੇਖ ਮਿਲਦਾ ਹੈ।ਹਰੇਕ ਧਰਮ ਦੱਸਦਾ ਹੈ ਬ੍ਰਹਮ ਸਥਾਈ ਜਾਂ ਸੱਤ ਹੈ ਪਰ ਇਹ ਦਿਸਦਾ ਜਗਤ ਅਸਥਾਈ ਜਾਂ ਅਸੱਤ ਹੈ।ਇਸ ਨਾਸ਼ਵਾਨਤਾ ਤੋਂ ਪਹਿਲਾਂ ਜੀਵ ਕਿਸ ਤਰ੍ਹਾਂ ਆਪਣੇ ਧਰਮ ਰਾਹੀਂ ਅਰਾਧਨਾ ਕਰਕੇ ਇਸ ਨਾਸ਼ਵਾਨਤਾ ਦੇ ਗੇੜ ਤੋਂ ਮੁਕਤੀ ਪ੍ਰਾਪਤ ਕਰਕੇ ਉਹੁ ਬ੍ਰਹਮ ਵਿਚ ਇਕ-ਮਿਕ ਹੋ ਸਕਦਾ ਹੈ।ਗੁਰੂ ਤੇਗ ਬਹਾਦਰ ਜੀ ਦੱਸਦੇ ਹਨ ਕਿ ਸੰਸਾਰ ਇਕ ਸੁਪਨਾ ਜਾਂ ਛਿਨ ਭੰਗਰ ਅਨੁਭਵ ਵਾਂਗ ਹੈ।ਧਨ, ਜਵਾਨੀ ਅਤੇ ਪਰਿਵਾਰਕ ਰਿਸ਼ਤੇ ਝੂਠੇ ਹਨ।ਸਿਰਫ ਪ੍ਰਮਾਤਮਾ ਦਾ ਨਾਮ ਸਿਮਰਨ ਭਜਨ ਹੀ ਸਦਾ ਸੱਚ ਹੈ ਅਤੇ ਅਸਲ ਸਾਥੀ ਹੈ।ਜੋ ਜੀਵ ਨੂੰ ਮੁਕਤੀ ਦਿਵਾਉਂਦਾ ਹੈ:-

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ

ਕਹਿ ਨਾਨਕ ਥਿਰ ਨਾ ਰਹੈ ਜਿਉ ਬਾਲੂ ਕੀ ਭੀਤਿ।[2]

ਉਹ ਮਨੁੱਖ ਨੂੰ ਸੋਝੀ ਦੇ ਕੇ ਸਮਝਾਉਂਦੇ ਹਨ ਕਿ ਇਹ ਸੰਸਾਰ ਇਕ ਛਲਾਵਾ ਹੈ ਉਹ ਸੰਸਾਰ ਨੂੰ ਪਾਣੀ ਦੇ ਬੁਲਬੁਲੇ ਜਾਂ ਸੁਪਨੇ ਜਿਹੇ ਪ੍ਰਤੀਕਾਂ ਨਾਲ ਸਮਝਾਂਉਦੇ ਹੋਏ ਲਿਖਦੇ:

ਜਸੈ ਜਲੁ ਤੇ ਬੁਦਬੁਦਾ ਉਪਜੈ ਬਿਨਸੇ ਨੀਰਿ।

ਜਗ ਰਚਨਾ ਤੈ ਰਚੀ ਕਹੁ ਨਾਨਕ ਸੁਣਿ ਮੀਤਿ।[3]

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਅਨੁਸਾਰ ਜਗਤ ਬਿਨਸਨਹਾਰ ਹੈ।ਸੰਸਾਰ ਦੀ ਥੋੜ ਚਿਰਤਾ ਅਤੇ ਸਦਾ ਕਾਇਮ ਰਹਿਣਾ ਮਿੱਥਿਆ ਹੈ।ਸੰਸਾਰ ਵਿਚ ਆਏ ਮਨੁੱਖ ਜਾਂ ਜੀਵ ਵਾਰੇ ਗੱਲ ਕਰਦੇ ਸਮੇਂ ਗੁਰੂ ਜੀ ਆਪਣੀ ਬਾਣੀ ਵਿਚ ਸਿੱਧੇ ਰੂਪ ਵਿਚ ਜੀਵ ਜਾਂ ਜੀਵ ਆਤਮਾ ਸ਼ਬਦ ਦੀ ਵਰਤੋਂ ਨਹੀਂ ਕਰਦੇ।ਸਗੋਂ ਜੀਵ ਦੇ ਪ੍ਰਤੀਕ ਮਈ ਸ਼ਬਦ ਜਿਵੇਂ ਹੰਸ, ਜੀਓ, ਉਹ, ਘਟ,ਪ੍ਰਾਣੀ ਅਤੇ ਮਾਨਸ ਸ਼ਬਦਾਂ ਦੀ ਵਰਤੋਂ ਕਰਦੇ ਹਨ।

ਜਬ ਹੀ ਹੰਸ ਤਜੀ ਇਹੁ ਕਾਇਆ ਪ੍ਰੇਤ-ਪ੍ਰੇਤ ਕਰ ਭਾਗੀ।[4]

ਇਹ ਸੰਸਾਰ ਉਸ ਪ੍ਰਮਾਤਮਾ ਨੇ ਬਣਾਇਆ ਹੈ ਜੋ ਆਪ ਇਸ ਕਲਾ ਨੂੰ ਵਰਤਾਉਂਦਾ ਹੈ ਅਤੇ ਆਪ ਹੀ ਜਾਣਦਾ ਹੈ।ਇਹ ਸੰਸਾਰਕ ਜੀਵ ਆਉਂਦੇ ਜਾਂਦੇ ਹਨ।ਇਸ ਲੀਲਾ ਨੂੰ ਉਹੀ ਜਾਣਦਾ ਹੈ।

ਸਾਧੋ ਰਚਨਾ ਰਾਮ ਬਣਾਈ ਇਕ ਬਿਨਸੈ ਇਕ ਅਸਥਿਰੁ ਮਾਨੈ

ਅਚਰਜੁ ਲਖਿਓ ਨਾ ਜਾਈ।[5]

ਗੁਰਬਾਣੀ ਵਿਚ ਮਾਇਆ ਸ਼ਬਦ ਦੀ ਵਰਤੋਂ ਪੈਸੇ ਦੇ ਸੀਮਤ ਰੂਪ ਵਿਚ ਨਹੀਂ, ਸਗੋਂ ਇਸਨੂੰ ਵਿਸ਼ਾਲ ਅਰਥਾਂ ਵਿਚ ਵਰਤਿਆ ਗਿਆ ਹੈ।ਗੁਰੂ ਤੇਗ ਬਹਾਦਰ ਜੀ ਨੇ ਮਾਇਆ ਸ਼ਬਦ ਦੀ ਵਰਤੋਂ ਆਪਣੀ ਬਾਣੀ ਵਿਚ ਬਾਰ- ਬਾਰ ਕੀਤੀ ਹੈ।ਸੰਸਾਰਕ ਪਦਾਰਥ ਮੋਹ ਮਾਇਆ ਦੇ ਕਾਰਨ ਮਨੁੱਖੀ ਜੀਵ ਵਿਚ ਪੰਜ ਵਿਕਾਰ ਕਾਮ, ਕ੍ਰੋਧ, ਲੋਭ, ਮੋਹ ਅੰਹਕਾਰ ਪੈਦਾ ਹੁੰਦੇ ਹਨ।ਜੋ ਉਸਨੂੰ ਉਸ ਅਕਾਲ ਪੁਰਖ ਤੋਂ ਹੋਰ ਦੂਰ ਕਰ ਦਿੰਦੇ ਹਨ।ਗੁਰੂ ਜੀ ਨੇ ਇਸ ਮਾਇਆ ਤੋਂ ਉੱਪਰ ਉੱਠਣ ਦਾ ਉਪਦੇਸ਼ ਦਿੱਤਾ ਹੈ।

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸ।

ਕਹੁ ਨਾਨਕ ਸੁਨ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ।[6]

ਮਨੁ ਮਾਇਆ ਮੈਂ ਫਧਿ ਰਹਿਓ ਬਿਸਰਿਓ ਗੋਬਿੰਦ ਨਾਮ।

ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ।[7]

ਦੁਨਿਆਵੀ ਕਾਰਜ ਕਰਦਿਆਂ ਮਾਇਆ ਦੀ ਅਸਲੀਅਤ ਨੂੰ ਨਜ਼ਰ-ਅੰਦਾਜ ਨਹੀਂ ਕਰਨਾ ਚਾਹੀਦਾ।ਸੰਸਾਰਕ ਪਦਾਰਥ ਜੋਗ ਹੁੰਦੇ ਹਨ ਸਿਰਫ ਜਦੋਂ ਤੱਕ, ਜੀਵ ਇਹਨਾਂ ਵਿਚ ਖਚਿਤ ਹੋਣ ਤੋਂ ਬਚਿਆ ਰਹਿੰਦਾ ਹੈ।ਮਾਇਆ ਦੇ ਲਾਲਚ ਵਿਚ ਫਸ ਜਾਣ ਕਾਰਨ ਮਨੁੱਖ ਅਨੇਕਾਂ ਜੂਨਾਂ ਵਿਚ ਭਟਕਦਾ ਰਹਿੰਦਾ ਹੈ ਅਤੇ ਮਾਇਆ ਦੇ ਨਸ਼ੇ ਵਿਚ ਬਉਰਾ ਹੋ ਕੇ ਪ੍ਰਮਾਤਮਾ ਨੂੰ ਵਿਸਾਰ ਦਿੰਦਾ ਹੈ।ਗੁਰੂ ਤੇਗ ਬਹਦਰ ਜੀ ਉਸ ਪ੍ਰਮਾਤਮਾ ਦੇ ਸਿਮਰਨ ਤੇ ਜੋਰ ਦਿੰਦੇ ਸਮਝਾਉਦੇ ਹਨ ਕਿ ਪ੍ਰਭੂ ਦਾ ਨਾਮ ਹੀ ਇਸ ਭਵ ਸਾਗਰ ਤੋਂ ਪਾਰ ਲੰਘਾ ਸਕਦਾ ਹੈ।ਉਹ ਬਾਹਰੀ ਕਰਮਕਾਂਡ ਨੂੰ ਤਿਆਗ ਕੇ ਅੰਦਰੂਨੀ ਭਗਤੀ ਅਤੇ ਪ੍ਰਭੂ ਨਾਲ ਸੱਚੇ ਪ੍ਰੇਮ ਨੂੰ ਤਰਜੀਹ ਦਿੰਦੇ ਹਨ।

ਰੇ ਮਨੁ ਰਾਮ ਸਿਉ ਕਰ ਪ੍ਰੀਤਿ।

ਸ਼੍ਰਵਣ ਗੋਬਿੰਦ ਗੁਨ ਸੁਨਉ ਔਰ ਗਾਵਉ ਰਸਨਾ ਗੀਤਿ[8]।


© Copyright @ Authors

ਮਨ ਮਨੁੱਖੀ ਸਰੀਰ ਦਾ ਸੂਖਮ ਅੰਸ਼ ਹੈ।ਸਾਡੀ ਸਮਝ, ਸੋਝੀ ਇੱਛਾ ਵਿਚਾਰ ਸੰਕਲਪ ਆਦਿ ਸਭ ਮਨ ਵਿਚ ਆ ਜਾਂਦੇ ਹਨ।ਗੁਰਬਾਣੀ ਵਿਚ ਇਸ ਮਨ ਨੂੰ ਚੰਚਲ ਕਿਹਾ ਹੈ ਜੋ ਮਨੁੱਖ ਨੂੰ ਚੰਗੇ ਕਰਮਾ ਜਾਂ ਮੰਦੇ ਕਰਮਾਂ ਵੱਲ ਲੈ ਕੇ ਜਾਂਦਾ ਹੈ।ਇਸ ਲਈ ਗੁਰੂ ਜੀ ਨੇ ਮਨੁੱਖੀ ਮਨ ਦੀ ਪ੍ਰਬਲਤਾ ਦਾ ਚਿਤਰਣ ਕਰਕੇ ਜੀਵ ਨੂੰ ਸੰਸਾਰ ਦੀ ਨਾਸ਼ਵਾਨਤਾ ਦਿਖਾ ਕੇ ਉਸ ਵਿਚ ਵੈਰਾਗ ਉਤਪੰਨ ਕਰਨ ਪ੍ਰਮਾਤਮਾ ਦਾ ਸਿਮਰਨ ਅਤੇ ਸਾਧੂ ਦੀ ਸੰਗਤ ਲਈ ਪ੍ਰੇਰਿਤ ਕੀਤਾ ਹੈ।ਪ੍ਰਮਾਤਮਾ ਦੀ ਪ੍ਰਾਪਤੀ ਨਾਲ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ ਅਤੇ ਪਰਮ ਆਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ।ਅਗਿਆਨਤਾ ਵਿਚ ਪਿਆ ਮਨ ਆਪਹੁਦਰਾ ਹੋਇਆ ਕਈ ਵਿਕਾਰਾਂ ਦਾ ਸ਼ਿਕਾਰ ਹੋ ਜਾਂਦਾ ਹੈ।ਇਸ ਮਨ ਨੂੰ ਸੰਜਮ ਵਿਚ ਲਿਆਉਣ ਲਈ ਹਉਮੈ ਨੂੰ ਤਿਆਗ ਕੇ ਪ੍ਰਮਾਤਮਾ ਦਾ ਨਾਮ ਜਪਣ ਦਾ ਸੰਦੇਸ਼ ਦਿੰਦੇ ਹਨ।

ਸਾਧੂ ਮਨੁ ਕਾ ਮਾਨੁ ਤਿਆਗਉ।

ਕਾਮਿ ਕ੍ਰੋਧਿ ਸੰਗਤ ਦੁਰਜਨ ਕੀ ਤਾ ਤੈ ਅਹਿਨਿਸ ਭਾਗਉ॥ਰਹਾਉ॥[9]

ਗੁਰੂ ਜੀ ਲਿਖਦੇ ਹਨ ਮਨੁੱਖੀ ਮਨ ਹਨੇਰੇ ਵਿਚ ਭਟਕ ਰਿਹਾ ਹੈ।ਭਰਮ ਵਿਚ ਕਈ ਜਨਮ ਜੀਵ ਗਵਾ ਲੈਂਦਾ ਹੈ ਅਤੇ ਇਸ ਮਾਇਆ ਰੂਪੀ ਜ਼ਹਿਰ ਨੂੰ ਅੰਮ੍ਰਿਤ ਸਮਝ ਕੇ ਅਨੇਕਾਂ ਜਨਮ ਇਸ ਵਿਚ ਉਲਝਿਆ ਜਨਮ ਅਤੇ ਮਰਨ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ।

ਮਹਾ ਮੋਹ ਅਗਿਆਨ ਤਿਮਰਿ ਮੋ।

ਮਨੁ ਰਹਿਉ ਉਰਝਾਈ ॥ [10]

ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੰਪੂਰਨ ਜੀਵਨ ਵੈਰਾਗ ਮਈ ਰੂਪ ਵਿਚ ਬਤੀਤ ਕੀਤਾ।ਉਹਨਾਂ ਦੀ ਇਹ ਵੈਰਾਗੀ ਝਲਕ ਉਹਨਾਂ ਦੇ ਸਲੋਕਾਂ ਵਿਚ ਸਹਿਜੇ ਹੀ ਲੱਭ ਪੈਂਦੀ ਹੈ।ਉਂਝ ਪੂਰੀ ਗੁਰਬਾਣੀ ਵਿਚ ਗੁਰਮੁਖ ਨੂੰ ਸਹਿਜਤਾ ਅਤੇ ਵੈਰਾਗਤਾ ਨੂੰ ਆਪਣੇ ਜੀਵਨ ਵਿਚ ਧਾਰਣ ਕਰਨ ਦਾ ਸੰਦੇਸ਼ ਅਤੇ ਅਨੇਕਾਂ ਵਿਧੀਆਂ ਦਾ ਵਖਿਆਨ ਮਿਲਦਾ ਹੈ ਜਿਵੇਂ-ਜਿਵੇਂ ਮਨੁੱਖ ਦੇ ਅੰਦਰ ਲੋਭ, ਮੋਹ ਵਰਗੇ ਵਿਕਾਰ ਖਤਮ ਹੁੰਦੇ ਜਾਂਦੇ ਹਨ ਤਾਂ ਉਸਦਾ ਮਨ ਨਿਮਰਤਾ, ਸੰਜਮ ਅਤੇ ਵੈਰਾਗਤਾ ਵੱਲ ਵੱਧਦਾ ਜਾਂਦਾ ਹੈ। ਜਿਸ ਨਾਲ ਉਹ ਪਦਾਰਥਕ ਚੀਜਾਂ ਤੋਂ ਉੱਪਰ ਉੱਠ ਕੇ ਉਹ ਪ੍ਰਮਾਤਮਾ ਦੇ ਨੇੜੇ ਹੋ ਜਾਂਦਾ ਹੈ ਅਤੇ ਮਨੁੱਖਤਾ ਦੀ ਭਲਾਈ ਵਾਰੇ ਸੋਚਦਾ ਹੈ ਪਰ ਗੁਰੂ ਜੀ ਇਸਦੇ ਨਾਲ ਹੀ ਜੋਗੀਆਂ ਅਤੇ ਸੰਨਿਆਸੀਆਂ ਦੇ ਵਾਂਗ ਘਰ-ਬਾਰ ਛੱਡ ਕੇ ਜੰਗਲਾ ਵਿਚ ਜਾਣ ਨੂੰ ਮਾਨਤਾ ਨਹੀਂ ਦਿੰਦੇ। ਅਜਿਹੇ ਕਰਮ ਕਾਂਡ ਜੋ ਪ੍ਰਭੂ ਨੂੰ ਮਿਲਣ ਲਈ ਕੀਤੇ ਜਾਂਦੇ ਸਨ. ਆਪ ਨੇ ਸਭ ਦਾ ਖੰਡਨ ਕੀਤਾ ਹੈ। ਜਾਗਿਆ ਵੈਰਾਗ ਵਿਚ ਜਗਤ ਵਿਚ ਰਹਿੰਦੇ ਹੋਏ ਹੀ ਇਸ ਵਿਚ ਖੁੱਭਣ ਤੋਂ ਬਚਿਆ ਰਹਿੰਦਾ ਹੈ। ਇਹੀ ਉਸ ਪ੍ਰਮਾਤਮਾ ਨਾਲ ਪ੍ਰੇਮ ਕਰਨ ਲਈ ਸਹਾਈ ਬਣਦਾ ਹੈ।

ਸੁਖੁ ਦੁਖ ਦੋਨੋ ਸਮ ਕਰ ਜਾਣਹਿ ਅਉਰੁ ਮਾਨੁ ਅਪਮਾਨਾ ॥

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।

ਉਸਤਤ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥[11]

ਕਾਹੇ ਰੇ ਬਨ ਖੋਜਨ ਜਾਏ

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਏ॥ [12]

ਗੁਰੂ ਸਾਹਿਬ ਜੀ ਦੀ ਬਾਣੀ ਅਨੇਕਾਂ ਵਿਚਾਰਧਾਰਾਵਾਂ ਨੂੰ ਸਮੇਟਦੀ ਹੋਏ ਮਨੁੱਖ ਨੂੰ ਸੰਸਾਰਕ ਮੋਹ ਨੂੰ ਤਿਆਗਣ, ਪ੍ਰਭੂ ਨਾਲ ਜੁੜਨ, ਨਿਰਭਓ ਜੀਵਨ ਗਿਆਨ ਅਤੇ ਸੁੱਖ ਦੁਖ ਵਿਚ ਅਡੋਲ ਰਹਿਣ ਦਾ ਰਾਹ ਦਰਸਾਉਂਦੀ ਹੈ। ਇਹ ਆਤਮਿਕ ਸ਼ਾਂਤੀ, ਉੱਚੀਆਂ ਨੈਤਿਕ ਕਦਰਾਂ ਕੀਮਤਾਂ ਅਤੇ ਪਰ-ਉਪਕਾਰ ਦੇ ਜੀਵਨ ਦੀ ਪ੍ਰੇਰਨਾ ਸ੍ਰੋਤ ਹੈ। ਗੁਰੂ ਸਾਹਿਬ ਨੇ ਬਾਣੀ ਵਿਚ ਉਹਨਾਂ ਦੇ ਗੁਣ ਗਾਏ ਹਨ ਜਿਹਨਾਂ ਨੇ ਭਗਤੀ ਕੀਤੀ ਹੈ। ਅਤੇ ਭਗਤੀ ਵਿਹੂਣੇ ਮੁਨੱਖ ਦੀ ਭਟਕਣਾ ਅਤੇ ਅਗਿਆਨਤਾ ਦਾ ਜਿਕਰ ਵੀ ਕੀਤਾ ਹੈ। ਉਹ ਬਾਣੀ ਰਾਹੀ ਇਹੀ ਸੰਦੇਸ਼ ਦਿੰਦੇ ਹਨ ਕਿ ਜਦੋਂ ਮਨੁੱਖ ਪ੍ਰਮਾਤਮਾ ਦੀ ਸ਼ਰਨ ਵਿਚ ਜਾਂਦਾ ਹੈ ਤਾਂ ਸਾਰੇ ਬੰਧਨ ਟੁੱਟ ਜਾਂਦੇ ਹਨ ਅਤੇ ਮਨੁੱਖ ਬਲਸ਼ਾਲੀ ਬਣ ਜਾਂਦਾ ਹੈ । ਗੁਰੂ ਤੇਗ ਬਹਾਦਰ ਜੀ ਪ੍ਰੇਮ ਪਿਆਰ, ਬਲਿਦਾਨ ਦੀ ਸਾਖਿਆਤ ਮੂਰਤ ਸਨ। ਉਹਨਾਂ ਨੂੰ ਮਾਨਵਤਾ ਦੀ ਨਿਰਸਵਾਰਥ ਸੇਵਾ ਲਈ ਹਮੇਸ਼ਾਂ ਯਾਦ ਕੀਤਾ ਜਾਂਦਾ ਹੈ।

**ਹਵਾਲੇ ਅਤੇ ਟਿੱਪਣੀਆਂ**

1. 1.ਗੁਰੂ ਗ੍ਰੰਥ ਸਾਹਿਬ ਜੀ, ਅੰਗ 1352
2. ਉਹੀ, ਅੰਗ 219
3. ਉਹੀ, ਅੰਗ 1427
4. ਉਹੀ, ਅੰਗ 634
5. ਉਹੀ, ਅੰਗ 219


© Copyright @ Authors

6. ਉਹੀ, ਅੰਗ 1427
7. ਉਹੀ, ਅੰਗ 1428
8. ਉਹੀ, ਅੰਗ 631
9. ਉਹੀ, ਅੰਗ 219
10. ਉਹੀ, ਅੰਗ 632
11. ਉਹੀ, ਅੰਗ 219
12. 12 ਉਹੀ, ਅੰਗ 684


© Copyright @ Authors